# ਕੀ ਯਿਸ਼ੂ ਆਪਣੇ ਆਪ ਨੂੰ ਰੱਬ ਕਹਾਉਣ ਦਾ ਦਾਵਾ ਕਰਦਾ ਸੀ ?

## (Did Jesus Claim to be God ?)

ਬਹੁਤੇ ਯਿਸ਼ੂ ਨੂੰ ਚੰਗਾ ਵਿਅਕਤੀ ਮੰਨਣ ਨੂੰ ਅਤੇ ਨਬੀ ਮਨੰਣ ਨੂੰ ਤਿਆਰ ਹਨ । ਪਰ ਬਹਿਸ ਕਰਦੇ ਹਨ ਕਿ ਊਸ ਨੇ ਕਦੇ ਰੱਬ ਹੋਣ ਦਾ ਦਾਵਾ ਨਹੀਂ ਕੀਤਾ । ਜਿਹੜੇ ਯਿਸ਼ੂ ਨੂੰ ਰੱਬ ਮੰਨਣ ਤੋਂ ਇਨਕਾਰ ਕਰਦੇ ਹਨ ਊਹ ਪਵਿੱਤਰ ਬਾਈਬਲ ਵਿਚੋ ਇਹ ਤਰਕ ਦਿੰਦੇ ਹਨ ਕਿ ਯਿਸ਼ੂ ਨੇ ਕਦੇ ਆਪਣੇ ਆਪ ਨੂੰ ਪੂਜਣ ਲਈ ਨਹੀਂ ਕਿਹਾ ।

ਪਰ ਸਬੂਤਾਂ ਤੋਂ ਇਹ ਸਿਧ ਹੁੰਦਾ ਹੈ ਕਿ ਚੇਲਿਆ ਦੇ ਸਮੇਂ ਤੋਂ ਹੀ ਯਿਸ਼ੂ ਨੂੰ ਪ੍ਰਭੂ ਦੀ ਤਰ੍ਹਾਂ ਪੂਜਿਆ ਜਾਂਦਾ ਹੈ । ਚੇਲਿਆਂ ਦੇ ਮਰਨ ਤੋਂ ਮਗਰੋ ਵੀ ਪਹਿਲੀ ਤੇ ਦੂਜੀ ਸਦੀ ਦੇ ਸਮੇਂ ਵਿੱਚ ਕਲੀਸਿਆ ਦੇ ਆਗੂਆਂ ਨੇ ਵੀ ਯਿਸ਼ੂ ਦੀ ਪ੍ਰਭੂਤਾ ਬਾਰੇ ਲਿਖਿਆ ਹੈ । ਆਖਰ 325 ਈਸੀ ਨੂੰ ਚਰਚ ਦੇ ਆਗੂਆਂ ਨੇ ਮੰਨਿਆ ਕਿ ਯਿਸ਼ੂ ਹੀ ਪੂਰਣ ਰੱਬ ਹੈ ।

ਕਈ ਬਹਿਸਦੇ ਹਨ ਕਿ ਕਲੀਸਿਆ ਨਲੇ ਸੁਸਮਾਚਾਰ ਪੱਤਰੀਆਂ ਵਿੱਚ ਰੱਦੋ ਬਦਲ ਕਰਕੇ ਯਿਸ਼ੂ ਪ੍ਰਭੂਤਾ ਨੂੰ ਆਪ ਆਜਾਦ ਕੀਤਾ ਹੈ । ਅਸਲ ਵਿੱਚ ਦੁਨਿਆਂ ਦੀ ਬਹੁਤ ਵਿਕਣ ਵਾਲੀ ਪੁਸਤਕ (ਦਾ: ਡਾ: ਵਿੰਨ ਦੀ ਕੋਡ) ਨੇ ਇਸ ਦਾਵੇ ਨੂੰ ਸੈ ਕੇਚਾਰ ਕਰੋੜ ਪੁਸਤਕਾਂ ਵਿਕੀਆ ਹਨ । ਭਾਵੇਂ ਇਸ ਕਿਤਾਬ ਨੇ ਲੇਖਿਕ ਨੂੰ ਅਮੀਰ ਕੀਤਾ, ਪਰ ਇਸ ਦੇ ਕਾਲਪਨਿਕ ਵਿਚਾਰਾਂ ਨੂੰ ਬੁੱਧੀ ਜੀਵਾਂ ਨੇ ਇੱਕ ਬੁਰਾ ਇਤਹਾਸ ਮੰਨਿਆ ਹੈ। ਅਸਲ ਵਿੱਚ ਨਵੇਂ ਨੇਮ ਨੂੰ ਸਾਰੇ ਪ੍ਰਾਚੀਨ ਲੇਖਾਂ ਵਿੱਚ ਸਬ ਤੋਂ ਵੱਧ ਭਰੋਸੇ ਯੋਗ ਮੰਨਿਆ ਜਾਂਦਾ ਹੈ।

ਇਸ ਲੇਖ ਵਿਚ ਅਸੀਂ ਇਹ ਪਰਖਾਂਗੇ ਕਿ ਯਿਸ਼ੂ ਮਸੀਹ ਨੇ ਆਪਣੇ ਬਾਰੇ ਕੀ ਕਿਹਾ । ''ਮਨੁੱਖ ਦਾ ਪੁੱਤਰ ਅਤੇ ਪਰਮੇਸ਼ਰ ਦਾ ਪੁੱਤਰ'' ਵਾਕਾਂ ਨੂੰ ਅਖਵਾਉਣ ਦਾ ਯਿਸ਼ੂ ਦਾ ਕੀ ਉਦੇਸ਼ ਸੀ ? ਜੇ ਯਿਸ਼ੂ ਰੱਬ ਨਹੀਂ ਸੀ ਤਾ ਉਸ ਦੇ ਵਿਰੋਧੀ ਉਸ ਤੇ ਕਿਉਂ ਦੋਸ਼ ਲਾਉਂਦੇ ਸਨ ? ਤੇ ਜੇ ਯਿਸ਼ੂ ਰੱਬ ਨਹੀਂ ਸੀ ਤਾਂ ਉਹ ਅਰਾਧਨਾ ਨੂੰ ਕਿਉਂ ਗ੍ਰਹਿਣ ਕਰਦਾ ਸੀ ।

ਆਓ ਅਸੀਂ ਪਹਿਲਾਂ ਇਹ ਦੇਖੀਏ ਕਿ ਮਸੀਹੀ ਲੋਕ ਯਿਸ਼ੂ ਬਾਰੇ ਕੀ ਵਿਸ਼ਵਾਸ ਕਰਦੇ ਸਨ ।

## ਉਤਪਾਦਕ ਤੋਂ ਤਰਖਾਣ ਤੱਕ ?

ਮਸੀਹਤ ਦੀ ਤਹਿ ਤੋਂ ਹੀ ਇਹ ਮੰਨਿਆ ਜਾਂਦਾ ਹੈ ਕਿ ਰੱਬ ਧਰਤੀ ਉੱਤੇ ਆਪਣੇ ਹੀ ਪੁੱਤਰ ਯਿਸ਼ੂ ਮਸੀਹ ਦੇ ਰੂਪ ਵਿੱਚ ਮਨੁੱਖ ਬਣ ਕੇ ਆਇਆ । ਬਾਈਬਲ ਇਹ ਸਿਖਿਆ ਦਿੰਦੀ ਹੈ ਕਿ ਯਿਸ਼ੂ ਫਰਿਸ਼ਤਿਆਂ ਵਾਂਗਰ ਸਾਜਿਆ ਨਹੀਂ ਗਿਆ ਸਗੋਂ ਉਸ ਨੇ ਆਪ ਬ੍ਰਹਿਮੰਡ ਦੀ ਰਚਨਾ ਕੀਤੀ ਹੈ । ਇੱਕ ਧਰਮ ਵਿਗਿਆਨੀ ਹੋਣ ਦੇ ਨਾਤੇ ਜੇ. ਆਈ. ਪੈਕਰ ਲਿਖਦੇ ਹਨ, ' ਕਿ ਸੁਸਮਾਂਚਾਰ ਦਸਦੇ ਹਨ ਕਿ ਸਾਡਾ ਰਚਨਹਾਰ ਹੀ ਸਾਡਾ ਮੁਕਤੀਦਾਤਾ ਬਣ ਕੇ ਆਇਆ ।

ਨਵਾਂ ਨੇਮ ਇਹ ਦਸਦਾ ਹੈ ਕਿ ਪਿਤਾ ਦੀ ਇੱਛਾ ਦੇ ਅਨੁਸਾਰ ਯਿਸ਼ੂ ਆਰਜ਼ੀ ਤੌਰ ਤੇ ਆਪਣੇ ਸਾਰੀ ਸ਼ਕਤੀ ਅਤੇ ਮਹਿਮਾ ਨੂੰ ਤਿਆਗ ਕੇ ਇੱਕ ਛੋਟਾ ਅਸਹਾਏ ਬੱਚਾ ਬਣ ਗਿਆ । ਜਿਵੇ ਜਿਵੇਂ ਉਹ ਵੱਡਾ

ਹੋਇਆ ਉਸ ਨੇ ਤਰਖ਼ਾਣ ਦੀ ਦੁਕਾਨ ਤੇ ਕੰਮ ਕੀਤਾ, ਉਸ ਨੇ ਭੁਖ ਵੀ ਅਨੁਭਵ ਕੀਤੀ, ਥਕਾਵਟ ਸਹੀ ਅਤੇ ਹਰ ਤਰ੍ਹਾਂ ਦੇ ਦਰਦ ਤੇ ਮੌਤ ਨੂੰ ਸਾਡੇ ਵਾਂਗਰ ਸਹਿਆ । ਫਿਰ ਤੀਹ ਸਾਲ ਦੀ ਉਮਰ ਵਿੱਚ ਉਸ ਲੋਕਾਂ ਵਿੱਚ ਆਪਣੀ ਸੇਵਕਾਈ ਨੂੰ ਅਰੰਭ ਕੀਤਾ ।

## ਇਕ ਪਰਮੇਸ਼ਰ

ਬਾਈਬਲ ਦਸਦੀ ਹੈ ਕਿ ਪਰਮੇਸ਼ਰ ਸਾਰੀ ਸਰਿਸਟੀ ਦਾ ਰਚਨਹਾਰ ਹੈ । ਉਸ ਦਾ ਕੋਈ ਸੀਮਾਂ ਨਹੀ, ਉਹ ਅਨੰਤਕਾਲ ਤੱਕ ਹੈ, ਸਭ ਤੋਂ ਸ਼ਕਤੀਸ਼ਾਲੀ, ਸਭ ਕੁਝ ਜਾਨਣ ਵਾਲਾ, ਵਿਅਕਤੀਗਤ ਧਰਮੀ, ਨਿਆਈ ਅਤੇ ਪਵਿੱਤਰ ਹੈ । ਉਸ ਨੇ ਸਾਨੂੰ ਆਪਣੇ ਰੂਪ ਵਿੱਚ ਬਣਾਇਆ, ਆਪਣੀ ਹੀ ਖੁਸ਼ੀ ਲਈ ਬਾਈਬਲ ਦੇ ਅਨੁਸਾਰ ਪਰਮੇਸ਼ਰ ਨੇ ਸਾਨੂੰ ਉਸ ਨਾਲ ਅਨੰਤਕਾਲ ਦੇ ਸਬੰਧ ਲਈ ਬਣਾਇਆ ਹੈ ।

ਯਿਸ਼ੂ ਮਸੀਹ ਤੋਂ 1500 ਸਾਲ ਪਹਿਲਾਂ ਜਦੋਂ ਪਰਮੇਸ਼ਰ ਨੇ ਮੂਸਾ ਨਾਲ ਬਲਦੀ ਝਾੜੀ ਵਿਚੋ ਗਲ ਕੀਤੀ ਉਦੋਂ ਉਸ ਨੇ ਇਹ ਦਰਸ਼ਾ ਦਿੱਤਾ ਕਿ ਉਹ ਹੀ ਇੱਕਲਾ ਪਰਮੇਸ਼ਰ ਹੈ । ਉਸ ਨੇ ਮੂਸਾ ਨੂੰ ਦੱਸਿਆ ਕਿ ਉਸ ਦਾ ਨਾਂ ਯੁਹੋਵਾ (ਮੈਂ ਹਾਂ) ਹੈ । (ਸਾਡੇ ਵਿਚੋ ਬਹੁਤੇ ਲੋਕੀ ਅੰਗਰੇਜੀ ਅਨੁਵਾਦ ਨੂੰ ਜਾਣੇ ਹਨ ਜਿਸ ਵਿੱਚ ਉਸ ਨੂੰ ਯੋਹੋਵਾ ਜਾਂ ਪ੍ਰਭੂ ਕਿਹਾ ਗਿਆ ਹੈ ?) ਉਸ ਸਮੇਂ ਤੋਂ ਹੀ ਯਹੂਦੀਆਂ ਦੇ ਮੁਢਲੇ ਸਾਸ਼ਤਰਾਂ ਵਿਚ ਲਿਖਿਆ ਹੈ ਕਿ :

'' ਸੁਣ ਕੇ ਇਸਰਾਏਲ : ਯਹੋਵਾਹ ਸਾਡਾ ਪਰਮੇਸ਼ਰ ਇੱਕੋ ਹੀ ਯਹੋਵਾਹ ਹੈ '' (ਬਿਵਸਥਾ ਸਾਰ 6:4)

ਇਸ ਸੰਸਾਰ ਵਿੱਚ ਜਿੱਥੇ ਇਹ ਮੰਨਿਆ ਜਾਂਦਾ ਹੈ ਕਿ ਇੱਕੋ ਪਰਮੇਸ਼ਰ ਹੈ ਯਿਸ਼ੂ ਆਇਆ ਸੇਵਕਾਈ ਕੀਤੀ ਅਤੇ ਇਹੋ ਜਿਹੇ ਦਾਵੇ ਕੀਤੇ ਜਿਸ ਤੋਂ ਸਾਰੇ ਹੈਰਾਨ ਹੋ ਗਏ । ਰੇ ਸਟੈਡਮੈਨ ਦੇ ਅਨੁਸਾਰ ਯਿਸ਼ੂ ਸਾਰੇ ਇਬਰਾਨੀ ਸ਼ਾਸਤਰਾਂ ਦਾ ਕੇਂਦਰ ਬਿੰਦੂ ਹੈ । ''ਇੱਕ ਏਥੇ ਜਿਉਂਦੇ ਜਾਗਦੇ ਰੂਪ ਦੇ ਵਿੱਚ ਉਹ ਹੈ ਜੋ ਉਤਪਤੀ ਤੋਂ ਮਲਾਕੀ ਤੱਕ ਲੈ ਕੇ ਸਾਰੇ ਚਿੰਨ ਤੇ ਭਵਿੱਖ ਵਾਣੀਆਂ ਨੂੰ ਪੂਰਾ ਕਰਦਾ ਹੈ । ਜਿਵੇਂ ਜਿਵੇਂ ਅਸੀਂ ਪੁਰਾਣੇ ਨੇਮ ਤੋਂ ਨਵੇਂ ਨੇਮ ਵਲ ਜਾਂਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਇਕੋ ਮਨੁੱਖ ਅਰਥਾਤ ਨਾਸਰਥ ਦਾ ਯਿਸ਼ੂ ਦੋਨਾ ਨੇਮਾਂ ਦਾ ਕੇਂਦਰ ਬਿੰਦੂ ਹੈ ।''

ਪਰ ਜੇ ਯਿਸ਼ੂ ਪੁਰਾਣੇ ਨੇਮ ਨੂੰ ਪੂਰਾ ਕਰਦਾ ਹੈ ਤਾਂ ਉਸ ਦੇ ਦਾਵੇ ਇਹ ਸਿਧ ਕਰਨ ਕਿ ''ਪਰਮੇਸ਼ਰ ਹੀ ਇੱਕੋ ਪ੍ਰਭੂ ਹੈ,'' ਜੋ ਇਸ ਗਲ ਤੋਂ ਅਰੰਭ ਹੁੰਦਾ ਹੈ ਕਿ ਯਿਸ਼ੂ ਆਪਣੇ ਆਪ ਨੂੰ ਕੀ ਕਹਾਉਂਦਾ ਹੈ। ਆਓ ਅਸੀਂ ਅੱਗੇ ਵੇਖੀਏ :-

## ਪਰਮੇਸ਼ਰ ਦਾ ਪਵਿੱਤਰ ਨਾਂ

ਜਦੋਂ ਯਿਸ਼ੂ ਨੇ ਸੇਵਕਾਈ ਅਰੰਭ ਕੀਤੀ, ਉਸ ਦੇ ਚਮਤਕਾਰ ਅਤੇ ਪਰਭਾਵ ਸਾਰੀ ਸਿਖਿਆ ਨੇ ਇੱਕੋ ਦਮ ਭਾਰੀ ਸੰਖਿਆ ਵਿੱਚ ਭੀੜ ਨੂੰ ਆਪਣੇ ਵਲ ਖਿੱਚਿਆ ।ਜਿਵੇਂ ਜਿਵੇਂ ਲੋਕਾਂ ਵਿੱਚ ਉਸ ਦੀ ਪਰਸਿੱਧੀ ਵਧਦੀ ਗਈ ਤਾਂ ਯਹੂਦੀ ਅਗਵੇ ( ਫਰੀਸੀ, ਸਦੂਕੀ, ਸ਼ਾਸਤਰੀ) ਯਿਸ਼ੂ ਨੂੰ ਆਪਣੇ ਲਈ ਖ਼ਤਰੇ ਦਾ ਕਾਰਣ

ਸਮਝਣ ਲਗ ਪਏ ।ਇਸ ਲਈ ਉਹ ਯਿਸ਼ੂ ਨੂੰ ਫਸਾਉਣ ਦੇ ਢੰਗ ਲੱਭਣ ਲਗ ਪਏ ।

ਇੱਕ ਦਿਨ ਯਿਸ਼ੂ ਮੰਦਰ ਵਿੱਚ ਫਰੀਸੀਆਂ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਉਸ ਨੇ ਕਿਹਾ ਕਿ ਮੈ ''ਜਗਤ ਦੀ ਜੋਤੀ ਹਾਂ'' । ਇਹ ਬਹੁਤ ਹੈਰਾਨੀ ਵਾਲੀ ਗਲ ਹੈ ਕਿ ਇੱਕ ਸਾਧਾਰਣ ਤਰਖ਼ਾਨ ਇੱਕ ਛੋਟੇ ਜਿਹੇ ਗਲੀਲ ਨਗਰ ਦਾ ਵਾਸੀ ਇਨ੍ਹਾਂ ਲੋਕਾਂ ਨੂੰ ਜੋ ਧਰਮ ਦੇ ਮਾਹਰ ਸਨ, ਇਹ ਕਹਿੰਦਾ ਹੈ ਕਿ ਉਹ ਜਗਤ ਦੀ ਜੋਤੀ ਹੈ ।

ਕਿਉਂਕਿ ਉਹ ਲੋਕ ਯਹੋਵਾਹ ਨੂੰ ਜਗਤ ਦੀ ਜੋਤੀ ਮੰਨਦੇ ਸਨ ਇਸ ਕਰਕੇ ਉਹਨਾਂ ਨੇ ਬੜੇ ਕਰੋਧ ਨਾਲ ਇਹ ਜਵਾਬ ਦਿੱਤਾ :- ਤੂੰ ਆਪਣੇ ਆਪ ਉੱਤੇ ਆਪ ਸਾਖੀ ਦਿੰਦਾ ਹੈ ਤੇਰੀ ਸਾਖੀ ਸੱਚੀ ਨਹੀ । (ਯਹੂੰਨਾ 8 :58)

ਤਕ ਯਿਸ਼ੂ ਨੇ ਉਹਨਾਂ ਨੂੰ ਹੋਰ ਵੀ ਹੈਰਾਨ ਕਰ ਦਿੱਤਾ :

''ਸਚਿਆਈ ਏਹ ਹੈ ਕਿ ਅਬਰਾਹਮ ਦੇ ਹੋਣ ਤੋਂ ਪਹਿਲਾਂ ਮੈਂ ਹਾਂ।''

ਹੈਰਾਨੀ ਵਾਲੀ ਗਲ ਹੈ ਕਿ ਇਹ ਸਾਧਾਰਣ ਤਰਖ਼ਾਨ ਜਿਸ ਨੂੰ ਧਰਮ ਬਾਰੇ ਕੁਝ ਗਿਆਨ ਨਹੀਂ ਸਦੀਪਕ ਜੀਵਨ ਦਾ ਦਾਵਾ ਕਰਦਾ ਹੈ । ਇਸ ਤੋਂ ਵੀ ਵਧ ਉਹ ਆਪਣੇ ਲਈ ਮੈਂ ਹਾਂ ਦਾ ਨਕਬ ਵਰਤਦਾ ਹੈ ਜੋ ਪਰਮੇਸ਼ਰ ਦੇ ਪਵਿੱਤਰ ਨਾਓ ਲਈ ਵਰਤਿਆ ਜਾਂਦਾ ਹੈ ।ਇਹ ਧਰਮ ਗਿਆਨੀ ਪੁਰਾਣੇ ਨੇਮ ਨੂੰ ਵਾਚਣ ਵਾਲੇ ਘੋਸ਼ਨਾ ਕਰਦੇ ਸਨ ਕਿ ਯਹੋਵਾ ਹੀ ਇਕੱਲ ਪਰਮੇਸ਼ਰ ਹੈ । ਯਸਾਯਾਹ ਦੁਆਰਾ ਬੋਲੇ ਗਏ ਵਚਨਾ ਦੁਆਰਾ ਉਹ ਇਹ ਜਾਣਦੇ ਸਨ ।

''ਮੈਂ ਇਕੱਲਾ ਪਰਮੇਸ਼ਰ ਹਾਂ । ਮੈਥੋਂ ਅੱਗੇ ਕੋਈ ਪਰਮੇਸ਼ਰ ਨਹੀਂ ਸਾਜਿਆ ਗਿਆ, ਨਾਂ ਮੇਰੇ ਪਿਛੋਂ ਕੋਈ ਹੋਵੇਗਾ । ਮੈਂ ਹੀ ਯਹੋਵਾ ਹਾਂ, ਮੇਰੇ ਬਿਨਾ ਕੋਈ ਬਚਾਉਣ ਵਾਲਾ ਨਹੀ ਹੈ । (ਯਸਾਯਾਹ 43:10,11)

ਉਸ ਸਮੇਂ ਝੁਠਲਾਉਣ ਦਾ ਦੰਡ ਪੱਥਰਵਾਹ ਕਰਕੇ ਮਾਰ ਦੇਣਾ ਸੀ । ਯਹੂਦੀ ਆਗੂਆਂ ਨੇ ਕਰੋਧ ਵਿੱਚ ਆ ਕੇ ਯਿਸ਼ੂ ਨੂੰ ਮਾਰਣ ਲਈ ਪੱਥਰ ਚੁੱਕ ਲਏ । ਉਹ ਸੋਚਦੇ ਸਨ ਕਿ ਯਿਸ਼ੂ ਆਪਣੇ ਆਪ ਨੂੰ ਪਰਮੇਸ਼ਰ ਦਰਸਾਉਂਦਾ ਹੈ । ਏਥੇ ਯਿਸ਼ੂ ਕਹਿ ਸਕਦਾ ਸੀ, ਠਹਿਰੋ ! ਤੁਸੀਂ ਮੈਨੂੰ ਗਲਤ ਸਮਝਦੇ ਹੋ ਮੈਂ ਯਹੋਵਾਹ ਨਹੀਂ ਹਾਂ ।'' ਪਰ ਯਿਸ਼ੂ ਨੇ ਆਪਣਾ ਬਿਆਨ ਬਦਲਿਆ ਨਹੀਂ ਭਾਵੇਂ ਉਸ ਨੂੰ ਮਾਰੇਜਾਣ ਦਾ ਖਤਰਾ ਸੀ।

ਲੈਵਿਸ਼ ਉਹਨਾਂ ਦੀ ਨਾਰਾਜ਼ਗੀ ਦਸਦਾ ਹੈ

''ਉਹ ਕਹਿੰਦਾ ਹੈ, ਮੈਂ ਇੱਕੋ ਪਰਮੇਸ਼ਰ ਦਾ ਜਨਮਿਆ ਹਾਂ, ਅਬਰਾਹਮ ਤੋਂ ਪਹਿਲਾਂ ਮੈਂ ਹਾਂ, ਅਤੇ ਯਾਦ ਕਰੋ ਮੈਂ ਤਾਂ ਸ਼ਬਦ ਇਬਰਾਨੀ ਸੀ । ਉਹ ਪਰਮੇਸ਼ਰ ਦੇ ਨਾਂ ਸਨ ਜਿਹੜੇ ਕਿਸੇ ਇਨਸਾਨ ਨੂੰ ਨਹੀਂ ਬੋਲਦੇ ਚਾਹੀਦੇ, ਇਹਨਾਂ ਦਾ ਉਚਾਰਨਾ ਮੌਤ ਨੂੰ ਸੱਦਾ ਦੇਣਾ ।

ਕਈਆਂ ਦੀ ਰਾਏ ਹੈ ਕਿ ਇਹ ਇਕੋ ਹੀ ਵੇਰ ਹੋਇਆ ਹੈ । ਪਰ ਯਿਸੂ ਨੇ ਆਪਣੇ ਆਪ ਲਈ ਮੈ ਹਾਂ ਮੋਕਿਆ ਤੇ ਵਰਤਿਆ ਹੈ । ਆਓ ਅਸੀਂ ਇਹਨਾਂ ਵਿਚੋਂ ਕੁਝਕ ਵੇਖੀਏ, ਯਿਸ਼ੂ ਦੇ ਇਸ ਦਾਵੇ ਬਾਰੇ ਸੁਣ ਕੇ ਸਾਡਾ ਪ੍ਰਤੀਕਰਮ ਕੀ ਹੁੰਦਾ ਹੈ ।

ਜਗਤ ਦਾ ਚਾਨਣ ਮੈ ਹਾਂ ।(ਯੁਹੰਨਾ 8:12)

ਰਾਹ ਅਤੇ ਸਚਿਆਈ ਅਤੇ ਜਿਉਣ ਮੈ ਹਾਂ । (ਯਹੁੰਨਾ 14:6)

ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ । (ਯਹੁੰਨਾ 14:6)

ਕਿਯਾਮਤ ਅਤੇ ਜਿਉਣ ਮੈਂ ਹਾਂ । (ਯਹੁੰਨਾ 11:25)

ਜਿਉਂਦੀ ਰੋਟੀ ਮੈਂ ਹਾਂ । (ਯਹੁੰਨਾ 6:51)

ਮੈਂ ਸੱਚੀ ਅੰਗੂਰ ਦੀ ਵੇਲ ਹਾਂ । (ਯਹੁੰਨਾ 15:11)

ਮੈਂ ਅਲਫਾ ਅਤੇ ਉਮੇਗਾ ਹਾਂ ।(ਯਹੁੰਨਾ ਦੀ ਪਰਕਾਸ਼ ਦੀ ਪੋਥੀ 1:8)

ਜਿਵੇਂ ਲੈਵਿਸ ਸਮਝਦਾ ਹੈ, ਜੇ ਇਹ ਦਾਵੇ ਪਰਮੇਸ਼ਰ ਦੇ ਆਪਣੇ ਵੱਲੋਂ ਨਹੀਂ ਦਿਤੇ ਤਾਂ ਯਿਸ਼ੂ ਨੂੰ ਢੌਂਗੀ ਕਿਹਾ ਗਿਆ ਹੁੰਦਾ । ਪਰ ਕਿਸ ਨੇ ਯਿਸ਼ੂ ਨੂੰ ਇਸ ਯੋਗ ਬਣਾਇਆ ਕਿ ਉਹ ਉਸ ਨੂੰ ਸੁਨਣ ਵਾਲਿਆਂ ਲਈ ਕਿਰਿਯਾ ਸ਼ੀਲ ਕਰਿਸ਼ਮੇ ਦਰਜਾ ਸਕਿਆ ਅਤੇ ਉਸ ਦੀ ਸ਼ਕਤੀ ਭਰਪੂਰ ਸਿਖਿਆ ।

## ਮਨੁੱਖ ਦਾ ਪੁਤਰ

ਕਈ ਕਹਿੰਦੇ ਹਨ ਕਿ ਯਿਸ਼ੂ ਦਾ ਮੈਂ ਹਾਂ ਨਾਂ ਲੈਣ ਤੋਂ ਇਹ ਭਾਵ ਨਹੀਂ ਸੀ ਕਿ ਉਹ ਪਰਮੇਸ਼ਰ ਹੈ । ਉਹ ਰਾਏ ਦਿੰਦੇ ਹਨ ਕਿ ਯਿਸ਼ੂ ਦੇ ਆਪਣੇ ਆਪ ਨੂੰ ਮਨੁੱਖ ਦਾ ਪੁੱਤਰ ਕਹਿਣ ਬਾਰੇ, ਜੋ ਸਾਬਤ ਕਰਦਾ ਹੈ ਕਿ ਉਸ ਨੇ ਅਲਾਹੀ ਸ਼ਕਤੀ ਹੋਣਾ ਦਾ ਦਾਵਾ ਨਹੀਂ ਕੀਤਾ । ਇਸ ਲਈ ਵਿਚਾਰਣ ਦਾ ਬਿੰਦੂ ''ਮਨੁੱਖ ਦਾ ਪੁੱਤਰ '' ਅਤੇ ਇਸ ਦਾ ਕੀ ਅਰਥ ਹੈ ?

ਪੇਕਰ ਲਿਖਦਾ ਹੈ ਕਿ ''ਮਨੁੱਖ ਦਾ ਪੁੱਤਰ'' ਇਹ ਨਾਉ ਯਿਸ਼ੂ ਦੇ ਉਹਨਾਂ ਕੰਮਾ ਬਾਰੇ ਜੋ ਯਸਾਯਾਹ 53 ਦੀਆਂ ਭਵਿਖ ਵਾਣੀਆਂ ਮਸੀਹ ਦੇ ਮੁਕਤੀ ਰਾਜਾ ਹੋਣ ਬਾਰੇ ਸਨ ਯਸਾਯਾਹ 53 ਮਸੀਹ ਦੇ ਆਉਣ ਬਾਰੇ ਨਬੀਆਂ ਦੀ ਭਵਿਖਵਾਣੀ ਦਾ ਮਹਤਵਪੂਰਣ ਹਿਸਾ ਹੈ ਅਤੇ ਸਾਰ ਦਸਦਾ ਹੈ ਮੁਕਤੀ ਦਾਤੇ ਦੇ ਦੁੱਖ ਉਠਾਉਣ ਬਾਰੇ ਯਸਾਯਾਹ ਨੇ ਮਸੀਹ ਨੂੰ ਸਰਵਸ਼ਕਤੀਮਾਨ ਪਰਮੇਸ਼ਰ, ਸਦੀਪਕ ਪਿਤਾ, ਅਮਨ ਦਾ ਰਾਜਕੁਮਾਰ ਦਰਸਾਇਆ ਹੈ । (ਯਸਾਯਾਹ 9:6)

ਕਈ ਹੋਰ ਵਿਦਵਾਨ ਕਹਿੰਦੇ ਹਨ ਕਿ ਯਿਸ਼ੂ ਆਪਣੇ ਆਪ ਨੂੰ ਦਾਨੀਏਲ ਦੀਆਂ ਭਵਿਖ ਵਾਣੀਆਂ ਜੋ ਕਿ ''ਮਨੁੱਖ ਦਾ ਪੁੱਤਰ'' ਬਾਰੇ ਸਨ ਨਾਲ ਸਬੰਧਤ ਦਸਦਾ ਹੈ । ਦਾਨੀਏਲ ਭਵਿਖ ਵਾਣੀ ਕਰਦਾ ਹੈ ਕਿ ''ਮਨੁੱਖ ਦਾ ਪੁੱਤਰ'' ਨੂੰ ਮਨੁੱਖਾ ਉਤੇ ਅਧਿਕਾਰ ਦਿਤਾ ਜਾਵੇਗਾ ਤੇ ਉਹ ਉਪਾਸਨਾ ਗ੍ਰਹਿਣ ਕਰੇਗਾ ।

ਮੈਂ ਡਿੱਠਾ ਅਤੇ ਵੇਖੋ ਇੱਕ ਜਣਾ ਮਨੁੱਖ ਦੇ ਪੁੱਤਰ ਵਰਗਾ ਅਕਾਸ਼ ਦੇ ਬਦਲਾਂ ਸਣੇ ਆਇਆ, ਅਤੇ ਅੰਤ ਪਰਾਚੀਨ ਤੀਕ ਅੱਪੜਿਆ ਅਤੇ ਉਹ ਉਹਨੂੰ ਉਸ ਦੇ ਅੱਗੇ ਲਿਆਏ । ਪਾਤਸ਼ਾਹੀ ਅਰ ਪਰਤਾਪ ਅਰ ਰਾਜ ਉਹ ਨੂੰ ਦਿੱਤਾ ਗਿਆ, ਭਾਈ ਸੱਭੇ ਕੌਮਾਂ ਔਰ ਲੋਕ ਔਰ ਬੋਲੀਆਂ ਉਹ ਦੀ ਟਹਿਲ ਕਰਨ । (ਦਾਨੀਏਲ 7:13,14)

ਇਸ ਲਈ ਇਹ ''ਮਨੁੱਖ ਦਾ ਪੁੱਤਰ'' ਕੌਣ ਹੈ, ਅਤੇ ਕਿਉਂ ਉਹਦੀ ਟਹਿਲ ਕੀਤੀ ਜਾਣੀ ਹੈ, ਜਦੋਂ ਕਿ ਪਰਮੇਸ਼ਰ ਇੱਕਸਾ ਹੀ ਟਹਿਲ ਕਰਾਉਣ ਯੋਗ ਹੈ । ਯਿਸ਼ੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਜਦੋ ਉਹ ਧਰਤੀ ਉੱਤੇ ਪਰਤਦਾ ਹੈ, '' ਤੰਦ ਮਨੁੱਖ ਦੇ ਪੁੱਤਰ ਨੂੰ ਸਮਰੱਥਾ ਅਤੇ ਵੱਡੇ ਤੇਜ ਨਾਲ ਬਦਲਾਂ ਉੱਤੇ ਆਉਂਦਿਆਂ ਵੇਖਣਗੇ ।'' (ਲੂਕਾ 21:27) ਕੀ ਯਿਸ਼ੂ ਏਥੇ ਦਸਦਾ ਹੈ ਕਿ ਉਹ ਦਾਨੀਏਲ ਦੀ ਭਵਿਖਵਾਣੀ ਨੂੰ ਪੂਰਾ ਕਰਨ ਵਾਲਾ ਹੈ ।

## ਪਰਮੇਸ਼ਰ ਦਾ ਪੁੱਤਰ

ਯਿਸ਼ੂ ਨੇ '' ਪਰਮੇਸ਼ਰ ਦਾ ਪੁੱਤਰ'' ਹੋਣ ਦਾ ਵੀ ਦਾਵਾ ਕੀਤਾ । ਇਸ ਟਾਈਟਲ ਦਾ ਇਹ ਅਰਥ ਨਹੀਂ ਹੈ ਕਿ ਯਿਸ਼ੂ ਪਰਮੇਸ਼ਰ ਤੋਂ ਪੈਦਾ ਹੋਇਆ ਪ੍ਰਾਕਿਰਤਕ ਪੁੱਤਰ ਹੈ । ਨਾ ਹੀ ਸ਼ਬਦ ਪੁੱਤਰ ਖ਼ੁਲਾਸਾ ਕਰਦਾ ਹੈ ਕਿ ਇਨਸਾਨੀ ਜੋਹਰ ਤੋਂ ਪੈਦਾ ਹੋਇਆ ਮਨੁੱਖੀ ਪੁੱਤਰ ਵਾਂਗ ਹੈ । ਇੱਕ ਪੁੱਤਰ ਆਪਣੈ ਪਿਤਾ ਦੇ ਡੀ ਐਨ ਏ ਦਾ ਹਿਸਾ ਹੈ ਅਤੇ ਭਾਵੇਂ ਉਹ ਵਖਰਾ ਹੈ, ਉਹ ਦੋਵੇਂ ਮਨੁੱਖ ਹਨ । ਬੁੱਧੀ ਜੀਵੀ ਦਸਦੇ ਹਨ ਕਿ ਸ਼ਬਦ ''ਪਰਮੇਸ਼ਵਰ ਦਾ ਪੁੱਤਰ'' ਅਸਲ ਭਾਸ਼ਾ ਵਿੱਚ ਸਮਾਨਤਾ ਨੂੰ ਦਰਸਾਉਂਦਾ ਹੈ, ਜਾਂ ''ਇਕੋ ਸਮਾਨ ਹੋਣਾ'' । ਯਿਸ਼ੂ ਦਾ ਇਸ ਤੋਂ ਭਾਵ ਹੈ ਕਿ ਉਹ ਅਸਾਹੀ ਸ਼ਕਤੀ ਤੋਂ ਹੈ ਜਾਂ 21ਵੀਂ ਸਦੀ ਦੇ ਸ਼ਬਦ ਪਰਮੇਸ਼ਰ ਦੇ ਡੀ ਐਨ ਏ ਤੋ ਹੈ । ਪਰੋਫੈਸਰ ਪੀਟਰ ਕੀਫਿਟ ਬਿਆਨ ਕਰਦੇ ਹਨ :

ਜਦੋ ਯਿਸ਼ੂ ਨੇ ਆਪਣੇ ਆਪ ਨੂੰ 'ਪਰਮੇਸ਼ਰ ਦਾ ਪੁੱਤਰ' ਕਿਹਾ ਤਾਂ ਉਸ ਦਾ ਕੀ ਭਾਵ ਸੀ ? ਮਨੁੱਖ ਦਾ ਪੁੱਤਰ ਮਨੁੱਖ ਹੀ ਹੈ । (ਦੋਵੇਂ ਪੁੱਤਰ ਅਤੇ ਮਨੁੱਖ ਆਮ ਭਾਸ਼ਾ ਵਿੱਚ ਜਿਸ ਦਾ ਅਰਥ ਹੈ ਨਰ ਅਤੇ ਨਾਰੀ ਦੀ ਬਰਾਬਰੀ) ਬਾਂਦਰ ਦਾ ਪੁੱਤਰ ਬਾਂਦਰ ਹੈ, ਕੁੱਤੇ ਦਾ ਪੁੱਤਰ ਕੁੱਤਾ ਹੈ , ਸ਼ਾਰਕ ਦਾ ਪੁੱਤਰ ਸ਼ਾਰਕ ਹੈ । ਅਤੇ ਇਸ ਤਰ੍ਹਾਂ ਪਰਮੇਸ਼ਰ ਦਾ ਪੁੱਤਰ ਪਰਮੇਸ਼ਰ । ਪਰਮੇਸ਼ਰ ਦਾ ਪੁੱਤਰ ਇਕ ਅਲਾਹੀ ਟਾਈਨਲ ਹੈ'' ਯਹੁੰਨਾ 17 ਵਿੱਚ ਯਿਸ਼ੂ ਉਸ ਮਹਿਮਾ ਬਾਰੇ ਦਸਦਾ ਹੈ ਜੋ ਉਹ ਜਗਤ ਦੇ ਉਤਪਣ ਹੋਣ ਤੋਂ ਪਹਿਲਾਂ ਆਪਣੇ ਪਿਤਾ ਨਾਲ ਰੱਖਦੇ ਸਨ । ਪਰ ''ਪਰਮੇਸ਼ਰ ਦਾ ਪੁਤਰ'' ਕਹਾਇਆ ਜਾਣਾ ਯਿਸ਼ੂ ਪਰਮੇਸ਼ਰ ਦੇ ਸਮਾਨ ਹੋਣ ਦਰਸਾਉਂਦੇ ਹਨ । ਪੇਕਰ ਉਤੱਰ ਦਿੰਦਾ ਹੈ :

''ਇਸ ਲਈ ਜਦੋਂ ਬਾਈਬਲ ਯਿਸ਼ੂ ਨੂੰ ਪਰਮੇਸ਼ਰ ਦਾ ਪੁੱਤਰ ਦਸਦੀ ਹੈ ਤਾਂ ਇਸ ਲਿਖਤ ਦਾ ਅਰਥ ਉਸ ਦੀ ਦੈਵਿਕ ਸ਼ਖਸੀਅਤ ਤੋਂ ਹੈ ।''

ਇਸ ਲਈ ਜੋ ਨਾਓ ਯਿਸ਼ੂ ਨੇ ਆਪਣੇ ਆਪ ਲਈ ਵਰਤੇ ਉਹ ਇਸ ਹਕੀਕਤ ਨੂੰ ਦਰਸਾਉਣ ਲਈ ਸਨ ਕਿ ਉਹ ਪਰਮੇਸ਼ਰ ਨਾਲ ਸਮਾਨਤਾ ਰਖਦੇ ਹਨ । ਪਰ ਯਿਸ਼ੂ ਪਰਮੇਸ਼ਰ ਦੇ ਅਧਿਕਾਰ ਨਾਲ ਬੋਲਿਆ ਅਤੇ ਕੰਮ ਕੀਤਾ ?

## ਪਾਪਾ ਨੂੰ ਮਾਫ ਕਰਨਾ

ਯਹੁਦੀ ਧਰਮ ਵਿੱਚ, ਪਾਪਾ ਨੂੰ ਮਾਫ ਕਰਨਾ ਕੇਵਲ ਪਰਮੇਸ਼ਰ ਤੋਂ ਸੰਭਵ ਸੀ । ਮੁਆਫੀ ਪਾਉਣਾ ਵਿਅਕਤੀਗਤ ਹੈ । ਕੋਈ ਹੋਰ ਕਿਸੇ ਦੇ ਅਪਰਾਧ ਨੂੰ ਖਿਮਾਂ ਨਹੀਂ ਕਰ ਸਕਦਾ । ਵਿਸ਼ੇਸ਼ ਕਰਕੇ ਜੇ ਉਹ ਪਾਪ ਪਰਮੇਸ਼ਰ ਦੇ ਵਿਰੁਧ ਕਰੇ । ਪਰ ਕਈ ਥਾਵਾਂ ਤੇ ਯਿਸ਼ੂ ਨੇ ਆਪਰਾਧੀਆਂ ਨੂੰ ਮਾਫ ਕਰਕੇ ਇਸ ਤਰ੍ਹਾਂ ਪਰਗਟਾਇਆ ਜਿਵੇਂ ਉਹ ਆਪ ਹੀ ਪਰਮੇਸ਼ਰ ਸੀ । ਮੁਕਦੀ ਨਾਲ ਇਹ ਕਿ ਧਾਰਮਿਕ ਅੱਗੁਵੇ ਯਿਸੂ ਉੱਤੇ ਉਸੇ ਵੇਲੇ ਬਰਸ ਪਏ ਜਦੋਂ ਉਸ ਨੇ ਅਧਰੰਗ ਦੇ ਰੋਗੀ ਨੂੰ ਉਹਨਾਂ ਸਾਹਮਣੇ ਉਸ ਨੇ ਮਾਫ ਕੀਤੇ? ਲਿਵਿਸ ਅੰਦਾਜ਼ਾ ਲਾਉਂਦਾ ਹੈ ਉਹਨਾਂ ਦੀ ਉਸ ਪ੍ਰਤੀ ਕਿਰਿਆ ਬਾਰੇ ਜਿਨ੍ਹਾਂ ਨੇ ਯਿਸ਼ੂ ਨੂੰ ਸੁਣਿਆ ਸੀ । ''ਤਦ ਅਸਲ ਧੱਕਾ ਲਗਦਾ ਹੈ'' ਲੇਵਿਸ ਲਿਖਦਾ ਹੈ : ਇਹਨਾਂ ਯਹੂਦੀਆਂ ਵਿੱਚ ਇਕ ਆਦਮੀ ਅਚਾਨਕ ਉਭਰਦਾ ਹੈ ਜੋ ਇਸ ਤਰ੍ਹਾਂ ਗਲਾਂ ਕਰਦਾ ਹੈ ਜਿਵੇਂ ਉਹ ਪਰਮੇਸ਼ਰ ਸੀ । ਉਹ ਪਾਪ ਮਾਫ ਕਰਨ ਦਾ ਦਾਵਾ

ਕਰਦਾ ਹੈ । ਉਹ ਕਹਿੰਦਾ ਹੈ ਕਿ ਊਹ ਸਦਾ ਕਾਇਮ ਹੈ । ਉਹ ਕਹਿੰਦਾ ਹੈ ਕਿ ਉਹ ਜਗਤ ਦੇ ਅੰਤ ਸਮੇਂ ਨਿਆਂ ਲਈ ਆ ਰਿਹਾ ਹੈ । ਹੁਣ ਆਓ ਅਸੀਂ ਇਸ ਨੂੰ ਹੋਰ ਸਾਫ ਸਮਝੀਏ । ਪੈਨਥੀਕੌਸ਼ਟ ਵਿੱਚ ਭਾਰਤੀਆਂ ਵਾਂਗ ਹਰ ਕੋਈ ਕਹਿੰਦਾ ਹੈ ਕਿ ਉਹ ਪਰਮੇਸ਼ਰ ਦਾ ਭਾਗ ਹੈ (ਹਿੱਸਾ ਹੈ) ਜਾਂ ਪਰਮੇਸ਼ਰ ਨਾਲ ਇੱਕ ਹੈ – ਪਰ ਇਹ ਆਦਮੀ ਭਾਵੇਂ ਉਹ ਯਹੂਦੀ ਸੀ ਇਸ ਤਰ੍ਹਾਂ ਦਾ ਪਰਮੇਸ਼ਰ ਵਰਗਾ ਹੋਣਾ ਨਹੀਂ ਸਮਝਦਾ । ਪਰਮੇਸ਼ਰ ਉਹਨਾਂ ਦੀ ਭਾਸ਼ਾ ਵਿੱਚ ਅਰਥ ਹੈ ਇਸ ਜਗਤ ਤੋਂ ਬਾਹਰ, ਜਿਸ ਨੇ ਇਸ ਨੂੰ ਬਨਾਇਆ ਅਰ ਹੋਰ ਕਿਸੇ ਵੀ ਨਾਲੋਂ ਵਖਰੀ ਪਛਾਣ ਰਖਦਾ ਹੈ । ਅਤੇ ਜਦੋਂ ਤੁਸੀਂ ਇਹ ਜਾਣ ਜਾਓ ਤਾਂ ਤੁਸੀਂ ਵੇਖੋਗੇ ਕਿ ਜੋ ਇਸ ਆਦਮੀ ਨੇ ਕਿਹਾ, ਬਿਲਕੁਲ ਸਾਦਾ, ਹੈਰਾਨ ਕਰਨ ਵਾਲਾ ਜੋ ਕਿ ਕਿਸੇ ਵੀ ਮਨੁੱਖ ਨੇ ਕਦੇ ਬੋਲਿਆ ਹੋਵੇ ।

## ਪਰਮੇਸ਼ਰ ਨਾਲ ਇੱਕ ਹੋਣ ਦਾ ਦਾਵਾ

ਉਹ ਜਿੰਨ੍ਹਾ ਨੇ ਯਿਸ਼ੂ ਨੂੰ ਸੁਣਿਆ, ਉਸ ਦੇ ਪੂਰਣ ਚਰਿੱਤਰ ਨੂੰ ਭਾਂਪਿਆ, ਔਰ ਊਹ ਨੂੰ ਕਰਿਸ਼ਮੇ ਕਰਦੇ ਵੇਖਿਆ, ਸੋਚ ਦੇ ਸਨ ਕਿ ਊਹ ਊਹੀ ਮਸੀਹਾ ਹੈ । ਅੰਤ ਉਸ ਦੇ ਮੰਦਰ ਵਿੱਚ ਉਸ ਦੇ ਦੁਆਲੇ ਇੱਕਠੇ ਹੋ ਕੇ ਪੁੱਛਣ ਲੱਗੇ :

'' ਤੂੰ ਕਦੋਂ ਤਾਈਂ ਸਾਨੂੰ ਦੁਬਦਾ ਵਿੱਚ ਰੱਖੇਗਾ ? ਜੇ ਤੂੰ ਮਸੀਹ ਹੈ ਤਾਂ ਸਾਨੂੰ ਸਾਫ ਸਾਫ ਦਸ ।'' ਯਿਸ਼ੂ ਨੇ ਉਤੱਰ ਦਿੱਤਾ, ਜੋ ਮੈਂ ਪਿਤਾ ਦੇ ਨਾਮ ਨਾਲ ਕਰਦਾ ਹਾਂ ਉਹ ਹੀ ਪਰਮਾਣ ਹੈ ।'' ਉਸ ਨੇ ਆਪਣੇ ਚੇਲਿਆਂ ਨੂੰ ਇਹ ਕਹਿੰਦਿਆਂ ਹੋਇਆ ਭੇਡਾ ਨਾਲ ਤਸ਼ਬੀਹ ਦਿੱਤੀ, '' ਮੈਂ ਉਨ੍ਹਾਂ ਨੂੰ ਸਦੀਪਕ ਜੀਉਣ ਦਿੰਦਾ ਹਾਂ ਅਰ ਉਨ੍ਹਾਂ ਦਾ ਸਦੀਪਕਕਾਲ ਤੀਕ ਕਦੇ ਨਾਸ਼ ਨਾ ਹੋਵੇਗਾ ।'' ਫੇਰ ਉਸ ਨੇ ਊਹਨਾਂ ਦੇ ਪਰਗਟ ਕੀਤਾ ।

''ਪਿਤਾ ਸਭਨਾ ਤੋਂ ਵੱਡਾ ਹੈ,'' ਅਤੇ ਊਸ ਦੇ ਇਹ ਕੰਮ ''ਪਿਤਾ ਦੇ ਦੱਸੇ ਅਨੁਸਾਰ ਹਨ।''

ਪਰ ਜਦੋਂ ਯਿਸ਼ੂ ਨੇ ਉਹਨਾਂ ਉੱਤੇ ਇਹ ਕਹਿੰਦਿਆ ਬੰਬ ਦਾ ਗੋਲਾ ਸੁਟ ਦਿੱਤਾ ,

ਪਿਤਾ ਅਤੇ ਮੈਜ ਇੱਕੋ ਹਾਂ'' (ਯਹੁੰਨਾ 10:30)

ਜੇ ਯਿਸ਼ੂ ਦਾ ਭਾਵ ਇਹ ਹੁੰਦਾ ਕਿ ਊਹ ਕੇਵਲ ਪਿਤਾ ਦੀ ਆਗਿਆ ਵਿੱਚ ਹਨ, ਤਾਂ ਏਡਾ ਵੱਡਾ ਵਿਰੋਧ ਨਹੀਂ ਹੋਣਾ ਸੀ । ਪਰ ਯਹੂਦੀਆਂ ਨੇ ਉਸ ਨੂੰ ਮਾਰਨ ਲਈ ਪੱਥਰ ਚੁੱਕ ਲਏ । ਤਾਂ ਯਿਸ਼ੂ ਨੇ ਉਹਨਾਂ ਨੂੰ ਕਿਹਾ '' ਮੈ ਤੁਹਾਨੂੰ ਪਿਤਾ ਵਲੋਂ ਲੋਕਾਂ ਦੀ ਭਲਿਆਈ ਲਈ ਅਨੇਕ ਕੰਮ ਵਿਖਾਏ । ਉਹਨਾਂ ਵਿਚੋਂ ਕਹਿੜੇ ਕੰਮ ਦੇ ਬਦਲੇ ਤੁਸੀ ਮੈਨੂੰ ਪਥਰਵਾਹ ਕਰਦੇ ਹੋ । ਉਹਨਾਂ ਉਤੱਰ ਦਿੱਤਾ, ''ਕਿਸੇ ਚੰਗੇ ਕੰਮ ਪਿੱਛੇ ਨਹੀਂ, ਪਰ ਕੁਫਰ ਪਿੱਛੇ ਅਤੇ ਇਸ ਲਈ ਜੋ ਤੂੰ ਮਨੁੱਖ ਹੋ ਕੇ ਆਪਣੇ ਆਪ ਨੂੰ ਪਰਮੇਸ਼ਰ ਬਨਾਉਂਦਾ ਹੈ।'' (ਯਹੁੰਨਾ 10:33)

ਸਲੀਬੀ ਮੌਤ ਅਤੇ ਵਿਛੋੜੇ ਲਈ ਜਦੋਂ ਯਿਸ਼ੂ ਆਪਣੇ ਚੇਲਿਆ ਨੂੰ ਤਿਆਰ ਕਰ ਰਿਹਾ ਸੀ, ਥੋਮਾ ਨੇ ਜਾਨਣਾ ਚਾਹਿਆ ਕਿ ਊਹ ਕਿੱਥੇ ਜਾ ਰਿਹਾ ਸੀ ਅਤੇ ਉਸ ਉੱਤੇ ਜਾਣ ਦਾਰਾਹ ਕੀ ਹੈ । ਯਿਸ਼ੂ ਨੇ ਥੋਮਾ ਨੂੰ ਉਤੱਰ ਦਿੱਤਾ :

'' ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ । ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ । ਜੇ ਤੁਸੀਂ ਮੈਨੂੰ ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ । ਏਦੋਂ ਅੱਗੇ ਤੁਸੀਂ ਉਹ ਨੂੰ ਜਾਣਦੇ ਅਤੇ ਉਹ ਨੂੰ ਵੇਖ ਲਿਆ ਹੈ ।'' ਯਹੁੰਨਾ 14:5-9

ਉਹ ਹੈਰਾਨ ਰਹਿ ਗਏ । ਤਾਂ ਫਿਲਪਸ ਬੋਲ ਪਿਆ, ਯਿਸ਼ੂ ਨੂੰ ਕਹਿਣ ਲਗਾ, ''ਪਿਤਾ ਦਾ ਸਾਨੂੰ ਦਰਸ਼ਨ ਕਰਾ'' ਯਿਸ਼ੂ ਨੇ ਫਿਲਸਪ ਨੂੰ ਇਹਨਾਂ ਹਿਲਾ ਦੇਣ ਵਾਲਿਆਂ ਸਬਕਾਂ ਨਾਲ ਉੱਤਰ ਦਿੱਤਾ :

ਫਿਲਸਪ ਐਨੇ ਚਿਰ ਤੋਂ ਮੈਂ ਤੁਹਾਡੇ ਨਾਲ ਹਾਂ ਕੀ ਤੂੰ ਮੈਨੂੰ ਨਹੀਂ ਜਾਣਿਆ ? ਜਿਸ ਮੈਨੂੰ ਵੇਖਿਆ ਉਸ ਪਿਤਾ ਨੂੰ ਵੇਖਿਆ ਹੈ ।

ਅਸਲ ਵਿਚ ਯਿਸ਼ੂ ਕਹਿ ਰਿਹਾ ਸੀ ''ਫਿਲਸਪ ਜੇ ਤੂੰ ਪਿਤਾ ਨੂੰ ਵੇਖਣਾ ਚਾਉਂਦਾ ਹੈ ਤਾਂ ਮੈਨੂੰ ਵੇ ਖ ਲੈ ।'' ਯੁਹੰਨਾ 17 ਵਿੱਚ ਯਿਸ਼ੂ ਪਰਗਟ ਕਰਦਾ ਹੈ ਕਿ ਪਿਤਾ ਨਾਲ ਇੱਕ ਹੋਣਾ ਮੁੱਡ ਕਦਮ ਤੋਂ ਹੀ ਸੀ, ਜਗਤ ਦੀ ਉਤਪਤੀ ਤੋਂ ਪਹਿਲਾਂ'' ਯਿਸ਼ੂ ਅਨੁਸਾਰ ਕੋਈ ਵੀ ਅਜਿਹਾ ਸਮਾਂ ਨਹੀਂ ਸੀ ਜਦੋਂ ਉਸ ਨੇ ਪਰਮੇਸ਼ਰ ਨਾਲ ਉਸ ਦੀ ਮਹਿਮਾਂ ਵਿੱਚ ਸ਼ਾਮਿਲ ਨਾ ਰਿਹਾ ਹੋਵੇ ।

## ਪਰਮੇਸ਼ਰ ਦਾ ਇਖ਼ਤਿਆਰ

ਯਹੂਦੀ ਲੋਕ ਪਰਮੇਸ਼ਰ ਦਾ ਇਖ਼ਤਿਆਰ ਸਭ ਤੋਂ ਉੱਚਾ ਸਮਝਦੇ ਸਨ । ਰੋਮੀ ਹਕੂਮਤ ਵਾਲਾ ਇਸਰਾਈਲ ਇਸ ਸ਼ਬਦ ਇਖਤਿਆਰ ਨੂੰ ਚੰਗੀ ਤਰ੍ਹਾਂ ਸਮਝਦਾ ਸੀ । ਉਸ ਵੇਲੇ ਕੈਸਰ ਦੀ ਇੱਕ ਆਗਿਆ ਨਾਲ ਯੁੱਧ ਹੋ ਜਾਂਦੇ ਸਨ, ਆਪਰਾਧੀ ਨੂੰ ਢੰਡ ਦਿੱਦਾ ਜਾਂਦਾ ਸੀ, ਅਤੇ ਸਰਕਾਰ ਦੀਆਂ ਨਵੀਆਂ ਨੀਤੀਆਂ ਬਨਾਈਆਂ ਜਾਂਦੀਆ ਸਨ । ਅਸਲ ਵਿੱਚ ਤਾਂ ਕੈਸਰ ਦਾ ਇਖਤਿਆਰ ਇਹੋ ਜਿਹਾ ਸੀ ਕਿ ਊਹ ਆਪਣੇ ਆਪ ਨੂੰ ਸਰਵ ਉੱਚਾ ਸਮਝਦਾ ਸੀ ।

ਧਰਤੀ ਛੱਡਣ ਤੋਂ ਪਹਿਲਾਂ ਮਸੀਹ ਨੇ ਆਪਣੈ ਇਖਤਿਆਰ ਦੇ ਦਾਇਰੇ ਨੂੰ ਇਸ ਤਰਾਂ ਦਸਿਆ : ਯਿਸ਼ੂ ਨੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖਤਿਆਰ ਮੈਨੂੰ ਦਿੱਤਾ ਗਿਆ ਹੈ (ਮੱਤੀ 28:18)

ਇਨ੍ਹਾਂ ਬੁਹਮੁੱਲੇ ਵਾਕਾ ਵਿੱਚ ਯਿਸ਼ੂ ਆਪਣੀ ਸਰਵ ਉਚ ਇਖਤਿਆਰ ਨੂੰ ਨਾ ਕੇਵਲ ਧਰਤੀ ਤੇ ਸਗੋਂ ਅਕਾਸ਼ ਤੇ ਵੀ ਹੋਣ ਦਾ ਦਾਵਾ ਕਰਦਾ ਹੈ । ਜੋਨਪਾਈਪਰ ਇੰਜ ਕਹਿੰਦਾ ਹੈ, ਏਸ ਕਰਕੇ ਯਿਸ਼ੂ ਦੇ ਮਿੱਤਰ ਤੇ ਵੈਰੀ ਵਾਰ ਵਾਰ ਉਸ ਦੀਆਂ ਕਹੀਆਂ ਗਲਾਂ ਅਤੇ ਕੀਤੇ ਹੋਏ ਕੰਮਾਂ ਤੋਂ ਹੈਰਾਨ ਹੁੰਦੇ ਸਨ । ਉਹ ਸੜਕ ਤੇ ਇੱਕ ਆਮ ਆਦਮੀ ਵਾਂਗਰ ਤੁਰਿਆ ਜਾਂਦਾ ਪਿੱਛੇ ਮੁੜ ਕੇ ਕੁੱਝ ਇਸ ਤਰ੍ਹਾਂ ਕਹਿ ਦਿੰਦਾ, ਅਬਰਾਹਮ ਤੋਂ ਪਹਿਲਾਂ ਮੈਂ ਹਾਂ, ਜਾਂ ਜੇ ਤੁਸੀ ਮੈਨੂੰ ਦੇਖਿਆ ਹੈ ਤਾਂ ਤੁਸੀਂ ਪਿਤਾ ਨੂੰ ਵੀ ਵੇਖਿਆ ਹੈ । ਲੋਕਾ ਦੇ ਵਿਰੋਧ ਤੋਂ ਮਗਰੋਂ ਵੀ ਊਹ ਬੜੀ ਹਲੀਮੀ ਨਾਲ ਕਹਿੰਦਾ ਹੈ, 'ਮਨੁੱਖ ਦੇ ਪੁੱਤਰ ਨੂੰ ਧਰਤੀ ਉਤੇ ਇਹ ਇਖਤਿਆਰ ਹੈ ਕਿ ਊਹ ਪਾਪ ਖਿਮਾਂ ਕਰ ਸਕਦਾ ਹੈ । ਮੁਰਦਿਆਂ ਨੂੰ ਉਹ ਅਸਾਨੀ ਨਾਲ ਕਹਿ ਦਿੰਦਾ ਹੈ । ਬਾਹਰ ਆ ਜਾਓ ਜਾ ਉਠ ਘੜੋ, ਤੇ ਉਹ ਮੰਨ ਲੈਂਦੇ ਹਨ ।ਸਮੁੰਦਰ ਤੇ ਤੁਫਾਨ
ਬਣ ਜਾਓ ਤੇ ਏਸੇ ਤਰ੍ਹਾਂ ਹੋ ਜਾਂਦਾ ।

ਕੁਝ ਲੋਕ ਇਹ ਬਹਿਸ ਕਰ ਸਕਦੇ ਹਨ ਕਿ ਕਿਉਂਕਿ ਇਖਤਿਆਰ ਪਿਤਾ ਵਲੋ ਸੀ ਤਾਂ ਯਿਸ਼ੂ ਦਾ ਪਰਮੇਸ਼ਰ ਹੋਣ ਨਾਲ ਕੋਈ ਸੰਬੰਧ ਨਹੀਂ । ਪਰ ਪਰਮੇਸ਼ਰ ਕਦੇ ਵੀ ਆਪਣਾ ਇਖਤਿਆਰ ਆਪਣੇ ਬਣਾਏ

ਹੋਏ ਮਨੁੱਖਾਂ ਨੂੰ ਨਹੀਂ ਦਿੰਦਾ ਕਿ ਉਹਨਾਂ ਦੀ ਅਰਾਧਨਾ ਕੀਤੀ ਜਾਵੇ । ਤੇ ਇਸ ਤਰ੍ਹਾਂ ਕਰਨਾ ਉਸ ਦੇ ਹੁਕਮ ਦੀ ਉਲੰਗਣਾ ਹੋਵੇਗੀ ।

## ਪੂਜਾ ਨੂੰ ਪਰਵਾਨ ਕਰਨਾ

ਇਬਰਾਨੀ ਲਿਖਤਾਂ ਵਿੱਚ ਕੁਝ ਵੀ ਏਨਾ ਮਹਤਵ ਪੂਰਨ ਨਹੀਂ ਜਿੰਨਾ ਇਹ ਕੇ ਕੇਵਲ ਪਰਮੇਸ਼ਰ ਨੂੰ ਹੀ ਪੂਜਿਆ ਜਾ ਸਕਦਾ ਹੈ । ਅਸਲ ਵਿੱਚ ਤਾਂ ਦਸ ਹੁਕਮਾਂ ਵਿੱਚ ਪਹਿਲਾ ਹੁਕਮ ਇਹੋ ਹੈ, ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੁਣ ।(ਕੂਚ 20:3)

ਇਸ ਕਰਕੇ ਇਹ ਯਹੂਦੀ ਸਦੀ ਸਬ ਤੋਂ ਭਿਆਨਕ ਪਾਪ ਇਹੋ ਸੀ ਕਿ ਜਾਂ ਤਾਂ ਉਹ ਪਰਮੇਸ਼ਰ ਨੂੰ ਛੱਡ ਉਹ ਕਿਸੇ ਹੋਰ ਦੀ ਅਰਾਧਨਾ ਕਰਦਾ ਜਾਂ ਫਿਰ ਆਪਣੇ ਆਪ ਦੀ ਪੂਜਾ ਕਰਵਾਉਂਦਾ । ਸੋ ਜੇ ਯਿਸ਼ੂ ਪਰਮੇਸ਼ਰ ਨਹੀਂ ਸੀ ਤਾਂ ਉਸ ਦਾ ਉਪਾਸਨਾ ਪ੍ਰਵਾਨ ਕਰਨਾ ਪਾਪ ਸੀ । ਯਿਸ਼ੂ ਦੇ ਜੀ ਉਠੱਣ ਤੋਂ ਮਗਰੋਂ ਚੇਲਿਆਂ ਨੇ ਥੋਮਾ ਨੂੰ ਕਿਹਾ ਕਿ ਊਹਨਾ ਨੇ ਯਿਸ਼ੂ ਨੂੰ ਜੀਵਤ ਵੇਖਿਆ ਹੈ (ਯਹੂੰਨਾ 20:24-29) । ਥੋਮਾਂ ਨੇ ਹੰਸੀ ਉੜਾਈ ਤੇ ਉਹਨਾ ਨੂੰ ਕਿਹਾ ਕਿ ਉਹ ਤਾਂ ਉਸ ਵੇਲੇ ਮੰਨੇਗਾ ਜਦੌਂ ਊਹ ਯਿਸ਼ੂ ਦੇ ਜ਼ਖਮੀ ਹਥਾਂ ਵਿੱਚ ਤੇ ਜ਼ਖਮੀ ਪਸਲੀ ਵਿੱਚ ਉਂਗਲ ਪਾ ਕੇ ਨਾ ਵੇਖ ਲਵੇ । ਅੱਠ ਦਿਨ ਮਗਰੋ ਸਾਰੇ ਚੇਲੇ ਜਦੌਂ ਇੱਕ ਕਮਰੇ ਵਿਚ ਸਨ ਤਾਂ ਹਿੱਕ ਦਮ ਯਿਸ਼ੂ ਉਹਨਾਂ ਸਾਹਮਣੇ ਪਰਗਟ ਹੋ ਗਿਆ । ਯਿਸ਼ੂ ਨੇ ਥੋਮਾ ਵਲ ਵੇਖ ਕੇ ਕਿਹਾ ਕਿ ਮੇਰੇ ਜਖਮਾਂ ਵਿੱਚ ਆਪਣੀ ਉਂਗਲ ਪਾ ਕੇ ਵੇਖ ।''

ਥੋਮਾਂ ਨੂੰ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਸੀ ।

ਉਸ ਨੇ ਤੁਰੰਤ ਹੀ ਵਿਸ਼ਵਾਸ ਕੀਤਾ ਤੇ ਯਿਸ਼ੂ ਨੂੰ ਕਿਹਾ,

''ਮੇਰੇ ਪ੍ਰਭੂ ਤੇ ਮੇਰੇ ਪਰਮੇਸ਼ਰ।''

ਥੋਮਾ ਨੇ ਯਿਸ਼ੂ ਨੂੰ ਪਰਮੇਸ਼ਰ ਦੀ ਤਰ੍ਹਾਂ ਪੂਜਿਆ । ਜੇ ਯਿਸ਼ੂ ਪਰਮੇਸ਼ਰ ਦਾ ਹੰਦਾ ਉਸੇ ਸਮੇਂ ਥੋਮਾ ਨੂੰ ਵਰਜਦਾ । ਥੋਮਾ ਨੂੰ ਵਰਜਨ ਦੀ ਥਾਂ ਯਿਸ਼ੂ ਨੇ ਉਸ ਨੂੰ ਇਸ ਤਰ੍ਹਾਂ ਕਿਹਾ, ''ਤੂੰ ਮੈਨੂੰ ਦੇਖਿਆ ਹੈ ਇਸ ਲਈ ਵਿਸ਼ਵਾਸ ਕਰਦਾ ਹੈ ਪਰ ਧੰਨ ਉਹ ਹੈ ਜਿਸਨੇ ਮੈਨੂੰ ਨਹੀਂ ਵੇਖਿਆ ਅਤੇ ਫਿਰ ਵੀ ਵਿਸ਼ਵਾਸ ਕਰਦੇ ਹਨ ।''

ਯਿਸ਼ੂ ਨੇ ਨੌਂ ਵੱਖ ਵੱਖ ਸਮਿਆਂ ਤੇ ਅਰਾਧਨਾ ਨੂੰ ਪਰਵਾਨ ਕੀਤਾ । ਯਹੂਦੀ ਵਿਸ਼ਵਸ ਦੇ ਅਨੁਸਾਰ ਯਿਸ਼ੂ ਦਾ ਉਪਾਸਨਾ ਨੂੰ ਪਰਵਾਨ ਕਰਨਾ ਉਸ ਦੀ ਰੱਬੀ ਸ਼ਕਤੀ ਬਾਰੇ ਪਰਗਟ ਕਰਦਾ ਹੈ । ਪਰ ਊਸ ਦੇ ਚੇਲੇ ਉਸ ਸਮੇਂ ਤੱਕ ਇਸ ਗਲ ਨੂੰ ਨਹੀਂ ਸਮਝ ਸਕੇ ਜਦੌਂ ਤੱਕ ਯਿਸ਼ੂ ਸਵਰਗ ਵਿੱਚ ਨਹੀਂ ਉਠਾਇਆ ਗਿਆ । ਇਸ ਧਰਤੀ ਨੂੰ ਛੱਡਣ ਤੋਂ ਪਹਿਲਾਂ ਉਸ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ''ਲੋਕਾਂ ਨੂੰ ਪਿਤਾ'', ਪੁੱਤਰ ਅਤੇ ਪਵਿੱਤਰ ਆਤਮਾਂ ਦੇ ਨਾਂ ਵਿੱਚ ਬਪਤਿਸਮਾਂ ਦਿਉ।'' (ਮੱਤੀ 28:19),ਜਿਸ ਤੋਂ ਇਹ ਪਤਾ ਲਗਤਾ ਹੈ ਕਿ ਉਸ ਨੇ ਆਪਣੇ ਆਪ ਨੂੰ ਅਤੇ ਪੱਵਿਤਰ ਆਤਮਾਂ ਨੂੰ ਪਿਤਾ ਦੇ ਦਰਜੇ ਨਾਲ ਮਿਲਾਇਆ ਹੈ ।

## ਅਲਫਾ ਤੇ ਉਮੇਗਾ

ਜਦੋਂ ਯਹੂੰਨਾ ਪ੍ਰੇਰਤ ਪਤਮੋਸ ਦੇ ਟਾਪੂ ਵਿੱਚ ਬੰਧਵਾਈ ਵਿੱਚ ਸੀ ਯਿਸ਼ੂ ਨੇ ਉਸ ਨੂੰ ਉਹਨਾਂ ਘਟਨਾਵਾਂ ਬਾਰੇ ਜੋ ਅੰਤ ਦੇ ਦਿਨਾਂ ਵਿੱਚ ਘਟਣਗੀਆਂ ਦਰਸ਼ਨ ਵਿੱਚ ਜ਼ਾਹਰ ਕੀਤਾ । ਉਸ ਦਰਸ਼ਨ ਬਾਰੇ ਯਹੂੰਨਾ ਇਸ ਤਰ੍ਹਾਂ ਦਸਦਾ ਹੈ :

ਦੇਖੋ ' ਉਹ ਸਵਰਗ ਦੇ ਬਦਲਾਂ ਤੇ ਆਉਂਦਾ ਹੈ । ਤੇ ਹਰ ਇੱਕ ਉਸ ਨੂੰ ਵੇਖੇਗਾ – ਉਹ ਵੀ ਜਿਨ੍ਹਾਂ ਨੇ ਉਸ ਨੂੰ ਮਾਰਿਆ । 'ਮੈਂ ਹੀ ਅਲਫਾ ਤੇ ਉਮੇਗਾ ਹਾਂ ਤੇ ਮੈਂ ਹੀ ਆਦਿ ਤੇ ਅੰਤ ਹਾਂ । ਪ੍ਰਭੂ ਪਰਮੇਸ਼ਰ ਕਹਿੰਦਾ ਹੈ, ਮੈਂ ਹਾਂ, ਮੈਂ ਸੀ ਤੇ ਮੈਂ ਆਉਣ ਵਾਲਾ ਸਰਵਸ਼ਕਤੀਮਾਨ ਪਰਮੇਸ਼ਰ ਹਾਂ ।'

ਇਹ ਵਿਅਕਤੀ ਕੌਣ ਹੈ ਜਿਸ ਨੂੰ ਕਹਿੰਦੇ ਹਨ, ਅਲਫਾ ਤੇ ਉਮੇਗਾ, ''ਪ੍ਰਭੂ ਪਰਮੇਸ਼ਰ ਸਰਵਸ਼ਕਤੀਮਾਨ''? ਸਾਨੂੰ ਇਹ ਦਸਿਆ ਗਿਆ ਹੈ ਕਿ ਉਸ ਨੂੰ ਛੇਦਿਆ ਗਿਆ । ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਯਿਸ਼ੂ ਹੀ ਅਲਫਾ ਤੇ ਉਮੇਗਾ ਹੈ । ਇਹ ਉਹ ਹੈ ਜਿਸ ਨੂੰ ਕਰਮ ਉੱਤੇ ਬਿਧਿਆ ਗਿਆ ।

ਯਹੂੰਨਾ, ਜੋ ਯਿਸ਼ੂ ਦਾ ਸਭ ਤੋਂ ਨੇੜਲਾ ਚੇਲਾ ਸੀ, ਉਸ ਆਦਮੀ ਦਾ ਪਰਛਾਵਾ ਦੇਖਦਾ ਹੈ ਜੋ ਉਸ ਨਾਲ ਗਲਾਂ ਕਰਦਾ ਹੈ । ਉਹ ਲਿਖਦਾ ਹੈ : ਉਹਨਾਂ ਸ਼ਮਾਦਾਨਾ ਦੇ ਵਿਚਕਾਰ ਮਨੁੱਖ ਦੇ ਪੁੱਤ੍ਰ ਦੀ ਨਿਆਈ ਕੋਈ ਵੇਖਿਆ ਜਿਹੜਾ ਪੈਰਾਂ ਤੀਕ ਦਾ ਜਾਮਾ ਪਹਿਨੇ ਅਤੇ ਛਾਤੀ ਦੁਆਲੇ ਸੋਨੇ ਦੀ ਪੇਟੀ ਬੰਨ੍ਹੇ ਹੋਏ ਸੀ । ਉਹ ਦਾ ਸਿਰ ਅਤੇ ਵਾਲ ਚਿੱਟੀ ਊਨ੍ਹ ਦੀ ਨਿਆਈ ਚਿੱਟੇ ਸਗੋਂ ਬਰਫ ਦੇ ਸਮਾਨ ਸਨ ਅਤੇ ਉਹ ਦੀਆਂ ਅੱਖੀਆਂ ਅਗਨੀ ਦੀ ਲਾਟ ਵਰਗੀ ਸਨ ਉਹ ਦਾ ਮੁੱਖ ਅਜਿਹਾ ਸੀ ਜਿਵੇਂ ਸੂਰਜ ਆਪਣੇ ਭਾਂਡੇ ਤੇਜ ਨਾਲ ਚਮਕਦਾ ਹੈ'' (ਪਰਕਾਸ ਦੀ ਪੋਥੀ 1:13-16)

ਯਹੂੰਨਾ ਦੇ ਇਨ੍ਹਾਂ ਭਾਵਾਂ ਨੂੰ ਸਮਝਣਾ ਬਹੁੱਤ ਮੁਸਕਿਲ ਹੋ ਕਿਉਂ ਜੋ ਉਹ ਉਸ ਨੂੰ ਇੱਕ ਪੂਰੇ ਤਪਦੇ ਹੋਏ ਸੂਰਜ ਵਾਂਗਰ ਦੇਖਦਾ ਹੈ ।ਜਿਸ ਦੀਆਂ ਅੱਖਾਂ ਅੱਗ ਦੀਆਂ ਲਾਟਾਂ ਵਾਂਗ ਹਨ । ਉਹ ਉਸੇ ਵੇਲੇ ਉਸ ਆਦਮੀ ਦੇ ਸਾਹਮਣੇ ਜਿਸ ਨੂੰ ਉਹ ਵੇਖਦਾ ਹੈ ਮੁਰਦੇ ਡਿੱਗੇ । ਜੇ ਉਹ ਯਿਸ਼ੂ ਸੀ ਤਾਂ ਯਹੂੰਨਾ ਉਸ ਨੂੰ ਕਿਉਂ ਨਹੀਂ ਜਾਣਦਾ ਸੀ ? ਹੋ ਸਕਦਾ ਹੈ ਉਸ ਨੇ ਸੋਚਿਆ ਹੋਵੇ ਕਿ ਇਹ

ਪਹਿਲਾ ਅਤੇ ਪਿਛਲਾ ਹਾਂ ਅਤੇ ਜਿਉਂਦਾ ਹਾਂ । ਮੈਂ ਮੁਰਦਾ ਸਾਂ ਅਰ ਜਿਉਂਦਾ ਹਾਂ । ਮੈਂ ਜੁਗੋ ਜੁਗ ਜਿਉਂਦਾ ਹਾਂ'' (ਪਰਕਾਸ਼ ਦੀ ਪੋਥੀ 1:17,18)

ਜਿਹੜਾ ਯਹੂੰਨਾ ਨਾਲ ਗੱਲਾਂ ਕਰਦਾ ਹੈ ਉਹ ਆਪਣੀ ਪਛਾਣ ਇਸ ਤਰ੍ਹਾਂ ਦੱਸਦਾ ਹੈ, ਪਹਿਲਾ ਅਤੇ ਪਿਛਲਾ ਆਪਣੇ ਦੈਵੀ ਹੋਣ ਦਾ ਸਾਫ ਪਰਮਾਣ ।ਅਰ ਕੇਵਲ ਇਹ ਪਰਮੇਸ਼ਰ ਦੈਵੀ ਹੈ, ਇਹ ਪਰਮੇਸ਼ਰ ਹੋਣਾ ਚਾਹੀਦਾ ਹੈ । ਪਰ ਏਕ ਵਾਕ ਵਿੱਚ ਯਹੂੰਨਾ ਦਸਦਾ ਹੈ ਕਿਉਂ, 'ਜਿਉਂਦਾ ਹੈ ਜੋ ਮਰ ਗਿਆ ਸੀ '। ਇਸ ਤਰ੍ਹਾਂ ਅਸੀਂ ਜਾਣ ਸਕਦੇ ਹਾਂ ਉਹ ਪਰਮੇਸ਼ਰ ਪਿਤਾ ਨਹੀਂ ਹੋ ਸਕਦਾ ਕਿਉਂਕਿ ਪਿਤਾ (ਪਰਮੇਸ਼ਰ) ਮਨੁੱਖ ਵਾਂਗ ਕਦੇ ਮਰਦਾ ਨਹੀਂ ।

ਫੇਰ ਮੈਂ ਇੱਕ ਵੱਡਾ ਅਤੇ ਚਿੱਟਾ ਸਿੰਘਾਸਣ ਅਤੇ ਉਹ ਨੂੰ ਜਿਹੜਾ ਉਸ ਉਤੇ ਬਰਾਜਮਾਨ ਸੀ ਵੇਖਿਆ ਔਰ ਜੋ ਸਿੰਘਾਸਣ ਉੱਤੇ ਬਰਾਜਮਾਨ ਸੀ ਉਸ ਨੇ ਆਖਿਆ '' ਮੈਂ ਅਲਫਾ ਅਤੇ ਉਮੇਗਾ, ਆਦਿ ਅਤੇ ਅੰਤ ਹਾਂ'' (ਪਰਕਾਸ਼ ਦੀ ਪੋਥੀ 20:11, 21:6)

ਇਹ ਪ੍ਰਭੂ ਯਿਸ਼ੂ ਮਸੀਹ ਹੈ ਜੋ ਚਿੱਟੇ ਸਿੰਹਾਸ਼ਨ ਤੋਂ ਰਾਜ ਕਰਦਾ ਹੈ । ਯਿਸ਼ੂ ਨੇ ਆਪਣੇ ਚੇਲਿਆਂ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਊਹ ਮਨੁੱਖਾਂ ਦਾ ਅੰਤਮ ਨਿਆਧੀਸ਼ ਹੋਵੇਗਾ ।

## ਨਿਚੋੜ

ਸੋ ਕੀ ਯਿਸ਼ੂ ਨੇ ਪਰਮੇਸ਼ਰ ਹੋਣ ਦਾ ਦਾਵਾ ਕੀਤਾ, ਜਾਂ ਊਸ ਨੂੰ ਕੇਵਲ ਗਲਤ ਸਮਝ ਸੀ । ਆਓ ਅਸੀਂ ਯਿਸ਼ੂ ਦੁਆਰਾ ਕੀਤੇ ਗਏ ਹੋਰ ਦਾਵਿਆਂ ਬਾਰੇ ਘੋਖੀਏ ਅਤੇ ਜਾਂਚੀਏ ਕਿ ਯਿਸ਼ੂ ਨੇ ਇਹ ਮਹਤਵਪੂਰਨ ਦਾਵੇ ਕੀਤੇ ਜੋ ਉਹ ਪਰਮੇਸ਼ਰ ਨਹੀਂ ਸੀ ?

ਯਿਸ਼ੂ ਨੇ ਆਪਣੇ ਲਈ ਪਰਮੇਸ਼ਰ ਦਾ ਨਾਂ ਵਰਤਿਆ

ਯਿਸ਼ੂ ਨੇ ਆਪਣੇ ਆਪ ਨੂੰ ''ਮਨੁੱਖ ਦਾ ਪੁੱਤਰ'' ਕਿਹਾ

ਯਿਸ਼ੂ ਨੇ ਆਪਣੇ ਆਪ ਨੂੰ ''ਪਰਮੇਸ਼ਰ ਦਾ ਪੁੱਤਰ'' ਕਿਹਾ

ਯਿਸ਼ੂ ਨੇ ਪਾਪ ਮਾਫ ਕਰਨ ਦਾ ਦਾਵਾ ਕੀਤਾ

ਯਿਸ਼ੂ ਨੇ ਪਰਮੇਸ਼ਰ ਨਾਲ ਵਿੱਚ ਹੋਣ ਦਾ ਦਾਵਾ ਕੀਤਾ

ਯਿਸ਼ੂ ਨੇ ਅਰਾਧਨਾ ਪਰਵਾਨ ਕੀਤੀ

ਯਿਸ਼ੂ ਨੇ ਆਪਣੇ ਆਪ ਨੇ 'ਅਲਫਾ ਤੇ ਉਮੇਗਾ' ਕਿਹਾ

ਕੋਈ ਵੀ ਕਹਿ ਸਕਦਾ ਹੈ ਕਿ ਅਸੀਂ ਯਿਸ਼ੂ ਦੇ ਦਾਵਿਆਂ ਨੂੰ ਕਿਵੇਂ ਮੰਣ ਸਕਦੇ ਹਾਂ ? ਉਹ ਬੀ ਸਾਬੂਤ ਛਡੱਦਾ ਹੈ ?

ਕਰੂਸ ਤੇ ਚੜ੍ਹਾਂਏ ਜਾਣ ਦੇ ਤਿੰਨ ਦਿਨ ਮਗਰੋਂ, ਉਸ ਦੇ ਚੇਲਿਆਂ ਨੇ ਦਾਵਾ ਕੀਤਾ ਕਿ ਉਹਨਾਂ ਨੇ ਉਸ ਨੂੰ ਜਿਉਂਦਾ ਵੇਖਿਆ ਹੈ । ਜੇ ਉਹਨਾਂ ਦੀ ਕਹਾਣੀ ਮਨਘੜਤ ਸੀ ਤਾਂ ਉਹ ਮਰ ਗਏ ਹੁੰਦੇ ਕਿਉਂ ਜੋ ਰੋਮੀ ਉਹਨਾਂ ਨੂੰ ਅਜਿਹਾ ਤਸੀਹੇ ਦਿੰਦੇ ਜੋ ਲੋਕ ਜਾਣਦੇ ਸਨ । ਪਰ ਉਹਨਾ ਦੀ ਸਚਿਆਈ ਰੋਮ ਉੱਤੇ ਭਾਰੀ ਪਈ ਅਰ ਦੁਨਿਆ ਨੂੰ ਬਦਲ ਕੇ ਰੱਖ ਦਿੱਤਾ (ਦੇਖੋ ਕਿ ਯਿਸ਼ੂ ਮੁਰਦਿਆਂ ਵਿਚੋਂ ਜੀ ਉੱਠਿਆ) ਲੈਵਿਸ ਉਹਨਾਂ ਦੀ ਵਾਕਾ ਕਾ ਦਾਰਟ ਬਿਆਨ ਕਰਦਾ ਹੈ ।

'' ਖੁਲਾ ਅਤੇ ਸਮੇਂ ਤੋਂ ਪਰੇ ਕੀ ਹੈ, ' ਜਿਸ ਦਾ ਜਨਮ ਨਹੀਂ ਹੋਇਆ ਜੋ ਅੰਨਤ ਹੈ, ਸੰਸਾਰ ਵਿੱਚ ਆਇਆ, ਆਪਣੇ ਬਨਾਏ ਬਰਾਮਾਂਡ ਵਿੱਚ ਉਤਰਿਆ ਤੇ ਦੁਬਾਰਾ ਜੀ ਉੱਠਿਆ ।''

ਇਹ ਮਹਾਨ ਬੁੱਧੀ ਜੀਵੀ ਯਿਸ਼ੂ ਬਾਰੇ ਇਸ ਤਰ੍ਹਾਂ ਸੋਚਦਾ ਹੈ ਕਿ ਉਹ ਇੱਕ ਕਲਪਣਾ ਹੈ ਅਤੇ ਉਹ ਉਹਨਾਂ ਇਨਸਾਨੀ ਕਲਪਣਾ ਨਾਲ ਬਨਾਏ ਗਏ ਰੱਬਾਂ ਵਾਂਗ ਹੈ ਜੋ ਪ੍ਰਾਚੀਨ ਯੂਨਾਨ ਅਤੇ ਰੋਮ ਵਿੱਚ ਸਨ। ਪਰ ਜਦੋਂ ਉਹ ਯਿਸ਼ੂ ਮਸੀਹ ਦੀ ਗਵਾਹੀ ਨੂੰ ਵੇਖਦਾ ਹੈ, ਉਹ ਮੰਨਦਾ ਹੈ ਕਿ ਨਵੇਂ ਨੇਮ ਵਿੱਚ ਯਿਸ਼ੂ ਮਸੀਹ ਨਾਲ ਸਬੰਧਤ ਵੇਰਵੇ ਇਤਹਾਸਿਕ ਤੇ ਪੱਕੇ ਹਨ । ਇਹ ਵਿਅਕਤੀ ਆਪਣੀ ਖੋਜ ਦਾ ਨਿਚੋੜ ਯਿਸ਼ੂ ਮਸੀਹ ਦੇ ਸਬੂਤਾਂ ਤੋਂ ਸਬੰਧਤ ਆਪਣੇ ਵਿਚਾਰਾਂ ਨੂੰ ਇਸ ਤਰ੍ਹਾਂ ਦਸਦਾ ਹੈ ।

ਤੁਹਾਨੂੰ ਇੱਕ ਚੁਨਾਵ ਕਰਨਾ ਪਵੇਗਾ ਕਿ ਜਾਂ ਤਾਂ ਇਹ ਵਿਅਕਤੀ ਪਰਮੇਸ਼ਰ ਦਾ ਪੁੱਤਰ ਸੀ ਤੇ ਹੈ ਜਾਂ ਫਿਰ ਇਹ ਕੋਈ ਪਾਗਲ ਹੈ ਜਾਂ ਫਿਰ ਇਸ ਤੋਂ ਵੀ ਭੈੜਾ । ਪਰ ਸਾਨੂੰ ਇਹ ਬਕਵਾਸ ਨਹੀਂ ਕਰਨੀ

ਚਾਹੀਦੀ ਕਿ ਉਹ ਬਸ ਇੱਕ ਮਹਾਨ ਇਨਸਾਨੀ ਸਿਕਸ਼ਨ ਹੀ ਸੀ । ਉਸ ਨੇ ਸਾਡੇ ਲਈ ਇਹ ਚੀਜ਼ ਨਹੀਂ ਛੱਡੀ ।''

ਲੈਵਿਸ ਇਸ ਚੀਜ਼ ਨੂੰ ਵੇਖਦਾ ਹੈ ਕਿ ਯਿਸ਼ੂ ਨਾਲ ਨਿੱਜੀ ਸਬੰਧ ਨੇ ਉਸ ਦੇ ਜੀਵਨ ਨੂੰ ਇੱਕ ਅਰਥ ਦਿੱਤਾ, ਇੱਕ ਮਕਸਦ ਅਤੇ ਇਹੋ ਜਿਹੀ ਖੁਸ਼ੀ ਦਿੱਤੀ ਜੋ ਉਸ ਦੇ ਸੁਪਨਿਆਂ ਤੋਂ ਬਹੁਹ ਵੱਡੀ ਸੀ । ਉਸਨੇ ਆਪਣੇ ਇਸ ਚੁਨਾਵ ਨੂੰ ਨਿੰਦਿਆ ਨਹੀਂ ਪਰ ਯਿਸ਼ੂ ਮਸੀਹ ਲਈ ਉਸ ਦੇ ਵਚਨ ਦਾ ਵਕਤਾ ਬਣ ਗਿਆ । ਤੁਹਾਡਾ ਕੀ ਵਿਚਾਰ ਹੈ ? ਕੀ ਤੁਸੀਂ ਆਪਣੀ ਚੁਨਾਵ ਕਰ ਲਿਆ ?